ਪੰਜਾਬ ਸਰਕਾਰ

**ਵਿਸ਼ਾ:- ਸਿੰਗਲ ਰੋਅ ਫੌਂਡਰ ਹਾਰਵੈਸਟਰ ਲਈ ਸਬਸਿਡੀ ਦੇਣ ਦੀ ਰੂਪ-ਰੇਖਾ।**

***

ਸਾਲ 2009-10 ਅਤੇ 2010-11 ਲਈ ਰਾਸਟਰੀ ਕ੍ਰਿਸੀ ਵਿਕਾਸ ਯੋਜਨਾ ਅਧੀਨ ਉਲੀਕੇ ਗਏ ਪ੍ਰੋਗਰਾਮਾਂ ਵਿਚ ਇੱਕ ਮੁੱਖ ਪ੍ਰੋਗਰਾਮ ਰਾਜ ਵਿਚ ਡੇਅਰੀ ਫਾਰਮਾਂ ਦੇ ਕੰਮਾਂ ਦੀ ਮਸੀਨੀਕਰਨ ਲਈ ਉਤਸ਼ਾਹਿਤ ਕਰਨ ਦਾ ਹੈ। ਇਸ ਤਜਵੀਜ ਅਧੀਨ 50% ਸਬਸਿਡੀ ਦਾ ਪ੍ਰੋਗਰਾਮ ਇਸ ਸ਼ਰਤ ਤੇ ਉਲੀਕੀਆ ਗਿਆ ਹੈ ਕਿ ਵੱਧ ਤੋਂ ਵੱਧ ਸਹਾਇਤਾ 1.25 ਲੱਖ ਰੁਪਏ ਪ੍ਰਤੀ ਫਾਰਮ/ਲਾਭਪਾਤਰੀ ਹੋਵੇਗੀ। ਇਸ ਸਕੀਮ ਅਧੀਨ ਸਾਲ 2009-10 ਲਈ 18.75 ਲੱਖ ਰੁਪਏ ਦੀ ਰਾਸ਼ੀ ਪ੍ਰਵਾਨ ਕੀਤੀ ਗਈ ਹੈ ਅਤੇ ਸਾਲ 2010-11 ਲਈ 62 ਲੱਖ ਰੁਪਏ ਦੀ ਰਾਸ਼ੀ ਮੰਨਜੂਰੀ ਅਧੀਨ ਹੈ। ਇਸ ਲਈ ਇਸ ਪ੍ਰੋਗਰਾਮ ਨੂੰ ਲਾਗੂ ਕਰਨ ਲਈ ਲੋੜੀਦੇ ਦਿਸ਼ਾ ਨਿਰਦੇਸ਼ ਨੀਅਤ ਕਰਨ ਦੀ ਲੋੜ ਹੈ। ਇਹ ਦਿਸ਼ਾ ਨਿਰਦੇਸ਼ ਹੇਠ ਲਿਖੇ ਅਨੁਸਾਰ ਤਜਵੀਜ ਹਨ।

1 ਸਬਸਿਡੀ ਦੀ ਦਰ 50%
2 ਸਬਸਿਡੀ ਦੀ ਅਧਿਕਤਮ ਦਰ ਰੁਪਏ 1.25 ਲੱਖ ਰੁਪਏ ਪ੍ਰਤੀ ਫਾਰਮ ਹੋਵੇਗੀ

**ਲਾਭਪਾਤਰੀ ਦੀ ਯੋਗਤਾ**

- ਲਾਭਪਾਤਰੀ ਕੋਲ ਘੱਟ ਤੋਂ ਘੱਟ 10 ਦੁੱਧਾਰੂ ਪਸ਼ੂ ਹੋਣ।
- ਉਸ ਨੇ ਡੇਅਰੀ ਵਿਕਾਸ ਵਿਭਾਗ ਤੋਂ ਸਵੈ-ਰੋਜਗਾਰ ਸਕੀਮ ਅਧੀਨ ਸਿਖਲਾਈ ਪ੍ਰਾਪਤ ਕੀਤੀ ਹੋਵੇ ਜਾਂ ਪੰਜਾਬ ਡੇਅਰੀ ਵਿਕਾਸ ਬੋਰਡ ਤੋਂ ਡੇਅਰੀ ਉੱਦਮ ਸਿਖਲਾਈ ਪ੍ਰਾਪਤ ਕੀਤੀ ਹੋਏ
- ਲਾਭਪਾਤਰੀ ਨੇ ਫੋਡਰ ਹਾਰਵੈਸਟਰ ਦੀ ਖਰੀਦ, ਬੈਕ ਤੋ ਕਰਜਾ ਲੈ ਕੇ ਕੀਤੀ ਹੋਵੇ (ਇਸ ਸਬੰਧੀ ਦਸਤਾਵੇਜ ਭਾਵ ਬੈਕ ਦਾ ਸੈਕਸਨ ਲੈਟਰ/ਡਿਸਬਰਸਮੈਂਟ ਲੈਟਰ ਨੱਥੀ ਕੀਤਾ ਜਾਵੇਗਾ ਜਾਂ ਆਪਣੇ ਸਾਧਨਾਂ ਰਾਹੀਂ)
- ਲਾਭਪਾਤਰੀ ਕੋਲ ਘੱਟ ਤੋਂ ਘੱਟ 35 ਹੋਰਸ ਪਾਵਰ ਦਾ ਟਰੈਕਟਰ ਹੋਵੇ।
- ਲਾਭਪਾਤਰੀ ਨੇ ਵਿਭਾਗ ਵਲੋਂ ਅਧਾਰਿਤ ਮਾਪਦੰਡਾ ਅਨੁਸਾਰ ਫੋਡਰ ਹਾਰਵੈਸਟਰ ਦੀ ਖਰੀਦ ਕੀਤੀ ਹੋਵੇ
- ਲਾਭਪਾਤਰੀ ਕੋਲ ਸਾਈਲੇਜ ਰੱਖਣ ਦਾ ਉਚਿੱਤ ਪ੍ਰਬੰਧ ਹੋਣਾ ਚਾਹੀਦਾ ਹੈ।

**ਫਊਡਰ ਹਾਰਵੈਸਟਰ ਦੀਆਂ ਸਪੈਸੀਫਿਕੇਸ਼ਨਾਂ**

- ਫੋਡਰ ਹਾਰਵੈਸਟਰ ਸਿੰਗਲ ਰੋਅ ਹੋਣਾ ਚਾਹੀਦਾ ਹੈ।
- ਨਾਈਫਜ (ਦਾਤਾਂ) ਦੀ ਗਿਣਤੀ ਘੱਟੋ ਘੱਟ 10 ਹੋਣੇ ਚਾਹੀਦੀ ਹੈ
- ਬਲੋਅਰ ਦੀ ਗਿਣਤੀ ਘੱਟ ਘੱਟ 5 ਹੋਣੀ ਚਾਹੀਦੀ ਹੈ।
- ਫੋਡਰ ਹਾਰਵੈਸਟਰ ਦੀ ਕਪੈਸਟੀ- 2.30 ਘੰਟੇ ਪ੍ਰਤੀ ਏਕੜ ਤੋਂ ਘੱਟ ਨਹੀ ਹੋਣੀ ਚਾਹਦੀ ਹੈ।
- ਇਹ ਫੋਡਰ ਹਾਰਵੈਸਟਰ ਟਰੈਕਟਰ ਨਾਲ ਚਲਿਤ ਹੋਣਾ ਚਾਹੀਦਾ ਹੈ।

**ਕਾਰਜ ਵਿਧੀ:-**

ਲਾਭਪਾਤਰੀ ਨਿਰਧਾਰਤ ਪ੍ਰੋਫਾਰਮੇ ਵਿਚ ਅਪਣਾ ਬੇਨਤੀ ਪੱਤਰ ਅਪਣੇ ਜਿਲੇ ਦੇ ਡੇਅਰੀ ਵਿਕਾਸ ਵਿਭਾਗ ਦੇ ਅਧਿਕਾਰੀ ਨੂੰ ਸੋਪੇਗਾ। ਉਸ ਦੇ ਬਿਨੈ-ਪੱਤਰ ਦੀ ਵੈਰੀਫਿਕੇਸ਼ਨ ਵਿਭਾਗ ਵਲੋਂ ਨਿਰਧਾਰੀਤ ਕਮੇਟੀ ਵਲੋਂ ਕੀਤੀ ਜਾਵੇਗੀ। ਜੋ ਹੇਠ ਲਿਖੇ ਅਨੁਸਾਰ ਹੈ।

| | |
|---|---|
| ਡੇਅਰੀ ਵਿਕਾਸ ਵਿਭਾਗ ਦਾ ਜਿਲਾ ਅਧਿਕਾਰੀ | ਪ੍ਰਧਾਨ |
| ਸਬੰਧਤ ਬੈਂਕ ਮੈਨੇਜਰ ਜਾ ਉਸ ਦਾ ਨੁਮਾਇੰਦਾ | ਮੈਂਬਰ (ਕਰਜਾ ਲੈਣ ਦੀ ਸੂਰਤ ਵਿੱਚ) |
| ਸਬੰਧਤ ਏਰੀਏ ਦਾ ਡੇਅਰੀ ਵਿਕਾਸ ਇੰਸਪੈਕਟਰ | ਮੈਂਬਰ |
| ਡਾਇਰੈਕਟਰ ਡੇਅਰੀ ਜੀ ਦਾ ਨੁਮਾਇੰਦਾ | ਮੈਂਬਰ |

ਡੇਅਰੀ ਵਿਕਾਸ ਵਿਭਾਗ ਦਾ ਜਿਲਾ ਅਧਿਕਾਰੀ ਵੈਰੀਫਿਕੇਸ਼ਨ ਉਪਰੰਤ ਯੋਗ ਲਾਭਪਾਤਰੀਆਂ ਦੇ ਬਿਨੈ -ਪੱਤਰ ਡਾਇਰੈਕਟਰ, ਡੇਅਰੀ ਵਿਕਾਸ ਵਿਭਾਗ ਨੂੰ ਭੇਜੇਗਾ ਜੋ ਪੰਜਾਬ ਡੇਅਰੀ ਵਿਕਾਸ ਬੋਰਡ ਵੱਲੋਂ ਘੋਖ ਉਪਰੰਤ ਯੋਗ ਪਾਏ ਗਏ ਲਾਭਪਾਤਰੀਆਂ ਦੇ ਬੈਂਕ ਖਾਤੇ ਵਿਚ ਸਬਸੀਡੀ ਜਮਾ ਕਰਵਾਈ ਜਾਵੇਗੀ।

ਪੰਜਾਬ ਸਰਕਾਰ

ਫੋਡਰ ਹਾਰਵੈਸਟਰ ਨਾਲ ਸਬੰਧਤ ਕੰਪਨੀਆਂ ਦੀਆਂ ਸਟੈਂਡਰਡ ਸਪੈਸੀਫਿਕੇਸ਼ਨਾਂ, ਰੇਟ, ਪਤਾ ਅਤੇ ਟੈਲੀਫੋਨ ਨੰਬਰ ਸਬੰਧੀ ਲਾਭਪਾਤਰੀਆਂ ਨੂੰ ਤਜਵੀਜ ਕੀਤੇ ਜਾਣਗੇ। ਜਿਸ ਅਨੁਸਾਰ ਉਹ ਖਰੀਦ ਕਰ ਸਕਣਗੇ। ਇਸ ਤਰ੍ਹਾਂ ਲਾਭਪਾਤਰੀ ਇਨ੍ਹਾ ਕਿਸੇ ਇੱਕ ਸਟੈਂਰਡਾਇਜਡ ਕੰਪਨੀਆ ਤੋਂ ਖਰੀਦ ਕਰ ਸਕੇਗਾ ਅਤੇ ਨਿਯਮਾ ਅਨੁਸਾਰ ਬਣਦੀ ਸਬਸੀਡੀ ਦੀ ਰਕਮ ਲਾਭਪਾਤਰੀ ਦੇ ਖਾਤੇ ਵਿਚ ਜਮਾ ਕਰਾ ਦਿੱਤੀ ਜਾਵੇਗੀ।

ਤਜਵੀਜ਼ ਪ੍ਰਵਾਨਗੀ ਹਿੱਤ ਹੈ ਜੀ।

ਵਧੀਕ ਮੁੱਖ ਕਾਰਜਕਾਰੀ ਅਫਸਰ
ਪੀ.ਡੀ.ਡੀ.ਬੀ

2327/3 ਤੇ 9
27/5

ਮੁੱਖ ਕਾਰਜਕਾਰੀ
ਪੀ.ਡੀ.ਡੀ.ਬੀ

PA/FCAH
Diary
Dated 27/5/10

ਯੂ.ਓ.ਨੰ: 337
ਮਿਤੀ: 27/5/2010

SCEO

27/7

27/7/10